UK Health Security Agency

NHS

## MenACWY ਵੈਕਸੀਨ ਨਾਲ ਖੁਦ ਨੂੰ

# ਮੈਨਿਨਜਾਈਟਿਸ ਅਤੇ ਸੈਪਟੀਸੀਮੀਆ

## ਤੋਂ ਬਚਾਓ



immunisation
the safest way to protect your health

# ਮੈਨਿਨਜੋਕੋਕਲ ਰੋਗ

**ਮੈਨਿਨਜੋਕੋਕਲ ਬਿਮਾਰੀ ਦੁਰਲੱਭ ਹੈ ਪਰ ਬਹੁਤ ਗੰਭੀਰ ਹੈ ਅਤੇ ਤੁਰੰਤ ਹਸਪਤਾਲ ਦੇ ਇਲਾਜ ਦੀ ਲੋੜ ਹੁੰਦੀ ਹੈ। ਇਹ ਜੀਵਨ-ਬਦਲਣ ਵਾਲੀਆਂ ਅਸਮਰਥਤਾਵਾਂ ਦਾ ਕਾਰਨ ਬਣ ਸਕਦੀ ਹੈ ਜਿਵੇਂ ਕਿ ਅੰਗ ਕੱਟਣਾ, ਸੁਣਨ ਸ਼ਕਤੀ ਦਾ ਨੁਕਸਾਨ, ਦਿਮਾਗ ਨੂੰ ਨੁਕਸਾਨ ਅਤੇ ਜ਼ਖ਼ਮ। ਇਹ ਮੈਨਿਨਜੋਕੋਕਲ ਬੈਕਟੀਰੀਆ ਦੇ ਕਾਰਨ ਹੁੰਦਾ ਹੈ ਜੋ ਕਈ ਸਮੂਹਾਂ ਵਿੱਚ ਵੰਡਿਆ ਜਾਂਦਾ ਹੈ। ਸਭ ਤੋਂ ਆਮ ਹਨ A, B, C, W ਅਤੇ Y। ਨਿਆਣਿਆਂ, ਛੋਟੇ ਬੱਚਿਆਂ, ਕਿਸ਼ੋਰਾਂ ਅਤੇ ਨੌਜਵਾਨ ਬਾਲਗਾਂ ਨੂੰ ਮੈਨਿਨਜੋਕੋਕਲ ਬਿਮਾਰੀ ਦਾ ਸਭ ਤੋਂ ਵੱਧ ਜੋਖਮ ਹੁੰਦਾ ਹੈ।**

ਮੈਨਿਨਜੋਕੋਕਲ ਬੈਕਟੀਰੀਆ ਮੈਨਿਨਜਾਈਟਿਸ (ਦਿਮਾਗ ਦੀ ਪਰਤ ਦੀ ਸੋਜਸ਼) ਅਤੇ ਸੈਪਟੀਸੀਮੀਆ (ਜਦੋਂ ਬੈਕਟੀਰੀਆ ਖ਼ੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਕੇ ਖ਼ੂਨ ਦੇ ਜ਼ਹਿਰੀਲੇਪਣ ਦਾ ਕਾਰਨ ਬਣ ਸਕਦੇ ਹਨ) ਦਾ ਕਾਰਨ ਬਣ ਸਕਦੇ ਹਨ। ਦੋਵੇਂ ਬਿਮਾਰੀਆਂ ਬਹੁਤ ਗੰਭੀਰ ਹਨ ਅਤੇ ਵਿਅਕਤੀ ਨੂੰ ਮਾਰ ਵੀ ਸਕਦੀਆਂ ਹਨ, ਖਾਸ ਕਰਕੇ ਜੇ ਜਲਦੀ ਪਤਾ ਨਾ ਲਗਾਇਆ ਜਾਵੇ।

ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦੋਵੇਂ ਸੇਪਸਿਸ ਨੂੰ ਚਾਲੂ ਕਰ ਸਕਦੀਆਂ ਹਨ। ਸੇਪਸਿਸ ਕਿਸੇ ਵੀ ਲਾਗ ਪ੍ਰਤੀ ਇੱਕ ਬਹੁਤ ਜ਼ਿਆਦਾ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਰੋਧਕ ਪ੍ਰਤੀਕਿਰਿਆ ਹੈ ਅਤੇ ਇਹ ਟਿਸ਼ੂ ਨੂੰ ਨੁਕਸਾਨ, ਅੰਗਾਂ ਦੀ ਅਸਫਲਤਾ ਅਤੇ ਮੌਤ ਦਾ ਕਾਰਨ ਬਣ ਸਕਦੀ ਹੈ।



## ਮੈਨੂੰ ਵੈਕਸੀਨ ਲੈਣ ਦੀ ਲੋੜ ਕਿਉਂ ਹੈ?

ਵੱਡੀ ਉਮਰ ਦੇ ਕਿਸ਼ੋਰਾਂ ਅਤੇ ਜਵਾਨ ਬਾਲਗਾਂ ਨੂੰ ਮੈਨਿਨਜੋਕੋਕਲ ਬਿਮਾਰੀ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ, ਇਸਲਈ ਤੁਹਾਨੂੰ ਆਪਣੇ ਆਪ ਨੂੰ ਬਚਾਉਣ ਲਈ ਹੁਣੇ ਟੀਕਾ ਲਗਵਾਉਣ ਦੀ ਲੋੜ ਹੈ। ਇਹ ਇੱਕ ਸੁਰੱਖਿਅਤ ਅਤੇ ਬਹੁਤ ਪ੍ਰਭਾਵਸ਼ਾਲੀ ਟੀਕਾ ਹੈ ਜੋ ਕਿ 2015 ਤੋਂ ਰੁਟੀਨ ਕਿਸ਼ੋਰ ਪ੍ਰੋਗਰਾਮ ਦਾ ਹਿੱਸਾ ਹੈ। ਇਹ ਤੁਹਾਡੇ ਆਲੇ ਦੁਆਲੇ ਦੇ ਹੋਰ ਲੋਕਾਂ ਦੇ ਸੰਕਰਮਿਤ ਹੋਣ ਦੇ ਜੋਖਮ ਨੂੰ ਵੀ ਘਟਾਉਂਦਾ ਹੈ। ਹੋ ਸਕਦਾ ਹੈ ਕਿ ਤੁਸੀਂ ਇੱਕ ਬੱਚੇ ਅਤੇ ਛੋਟੇ ਬੱਚੇ ਦੇ ਰੂਪ ਵਿੱਚ MenC ਟੀਕਾਕਰਨ ਕਰਵਾਇਆ ਹੋਵੇ ਪਰ ਇਹ ਤੁਹਾਨੂੰ ਦੂਜੇ ਮੈਨਿਨਜੋਕੋਕਲ ਸਮੂਹਾਂ ਵਿਰੁੱਧ ਸੁਰੱਖਿਆ ਨਹੀਂ ਦੇਵੇਗਾ।

MenACWY ਵੈਕਸੀਨ MenC ਦੇ ਵਿਰੁੱਧ ਤੁਹਾਡੀ ਸੁਰੱਖਿਆ ਨੂੰ ਵਧਾਏਗੀ ਅਤੇ ਤਿੰਨ ਹੋਰ ਮੇਨਿਨਜੋਕੋਕਲ ਸਮੂਹਾਂ (A, W ਅਤੇ Y) ਵਿਰੁੱਧ ਤੁਹਾਡੀ ਰੱਖਿਆ ਕਰਨ ਵਿੱਚ ਮਦਦ ਕਰੇਗੀ। ਇਹ ਵੈਕਸੀਨ ਤੁਹਾਡੀ ਮੈਨਿਨਜੋਕੋਕਲ ਰੋਗ ਦੇ ਸਾਰੇ ਰੂਪਾਂ, ਜਿਵੇਂ ਕਿ MenB ਤੋਂ ਬਚਾਅ ਨਹੀਂ ਕਰੇਗੀ, ਅਤੇ ਇਸਲਈ ਸੰਕੇਤਾਂ ਅਤੇ ਲੱਛਣਾਂ ਬਾਰੇ ਸੁਚੇਤ ਰਹਿਣਾ ਅਜੇ ਵੀ ਮਹੱਤਵਪੂਰਨ ਹੈ।

## ਕੀ ਮੈਨੂੰ MenACWY ਵੈਕਸੀਨ ਲੈਣੀ ਚਾਹੀਦੀ ਹੈ?

ਨਹੀਂ, ਪਰ ਖੁਦ ਨੂੰ ਬਚਾਉਣ ਵਿੱਚ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ MenACWY ਵੈਕਸੀਨ ਲੈਣਾ ਹੈ। ਤੁਹਾਨੂੰ, ਜਾਂ ਤੁਹਾਡੇ ਮਾਤਾ/ਪਿਤਾ/ਸਰਪ੍ਰਸਤ, ਨੂੰ ਵੈਕਸੀਨ ਲੈਣ ਲਈ ਸਹਿਮਤੀ ਦੇਣੀ ਪਵੇਗੀ। ਤੁਹਾਨੂੰ ਆਮ ਤੌਰ 'ਤੇ ਸਾਲ 9 ਵਿੱਚ, ਜਦੋਂ ਤੁਸੀਂ 13-14 ਸਾਲ ਦੇ ਹੋਵੋਗੇ ਸਕੂਲ ਵਿੱਚ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਵੇਗੀ। ਜੇਕਰ ਤੁਸੀਂ ਟੀਕਾਕਰਨ ਤੋਂ ਖੁੰਝ ਗਏ ਹੋ ਤਾਂ ਚਿੰਤਾ ਨਾ ਕਰੋ, ਜੇ ਤੁਸੀਂ ਅਜੇ ਵੀ ਸਕੂਲ ਵਿੱਚ ਹੋ ਤੁਸੀਂ ਆਪਣੀ ਸਕੂਲ ਨਰਸ ਜਾਂ ਸਕੂਲ ਟੀਕਾਕਰਨ ਟੀਮ ਤੋਂ ਜਾਂ ਆਪਣੀ ਜੀਪੀ ਪ੍ਰੈਕਟਿਸ ਤੋਂ, ਆਪਣੇ 25ਵੇਂ ਜਨਮ ਦਿਨ ਤੱਕ ਮੁਫ਼ਤ MenACWY ਵੈਕਸੀਨ ਪ੍ਰਾਪਤ ਕਰਨ ਦੇ ਯੋਗ ਹੋ। ਇੱਥੇ 3 MenACWY ਵੈਕਸੀਨਾਂ ਹਨ, ਉਹਨਾਂ ਨੂੰ MenQuadfi, Nimenrix ਅਤੇ MenVeo ਕਿਹਾ ਜਾਂਦਾ ਹੈ, ਤੁਸੀਂ ਰੋਗੀ ਜਾਣਕਾਰੀ ਪਰਚੇ ਇੱਥੇ ਪੜ੍ਹ ਸਕਦੇ ਹੋ:

MenQuadfi:
**www.medicines.org.uk/emc/product/12818/pil**

Nimenrix:
**www.medicines.org.uk/emc/product/4118/pil**

MenVeo:
**www.medicines.org.uk/emc/product/2939/pil**

## ਕੀ ਟੀਕਾਕਰਨ ਨੁਕਸਾਨ ਕਰਦਾ ਹੈ?

ਕੋਈ ਵੀ ਟੀਕੇ ਨੂੰ ਪਸੰਦ ਨਹੀਂ ਕਰਦਾ, ਪਰ ਇਹ ਬਹੁਤ ਤੁਰੰਤ ਪ੍ਰੀਕਿਰਿਆ ਹੁੰਦੀ ਹੈ। ਵਰਤੀਆਂ ਜਾਣ ਵਾਲੀਆਂ ਸੂਈਆਂ ਛੋਟੀਆਂ ਹਨ ਅਤੇ ਤੁਹਾਨੂੰ ਸੂਈ ਦੀ ਸਿਰਫ ਇੱਕ ਛੋਟੀ ਜਿਹੀ ਚੋਭ ਮਹਿਸੂਸ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਟੀਕਾ ਲਗਾਉਣ ਤੋਂ ਥੋੜ੍ਹਾ ਘਬਰਾਉਂਦੇ ਹੋ, ਤਾਂ ਇਸਨੂੰ ਲਗਵਾਉਣ ਤੋਂ ਪਹਿਲਾਂ ਨਰਸ ਜਾਂ ਡਾਕਟਰ ਨੂੰ ਦੱਸੋ।

## ਸੰਕੇਤ ਅਤੇ ਲੱਛਣ

**ਸ਼ੁਰੂ ਵਿੱਚ ਮੈਨਿਨਜੋਕੋਕਲ ਬਿਮਾਰੀ ਫਲੂ ਦੇ ਵਿਗੜੇ ਕੇਸ ਵਾਂਗ ਹੋ ਸਕਦੀ ਹੈ। ਪਰ ਕੋਈ ਵੀ ਪ੍ਰਭਾਵਿ ਵਿਅਕਤੀ ਆਮ ਤੌਰ 'ਤੇ ਕੁਝ ਘੰਟਿਆਂ ਦੇ ਅੰਦਰ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਵੇਗਾ। ਸ਼ੁਰੂਆਤੀ ਇਲਾਜ ਤੁਹਾਡੀ ਜਾਨ ਬਚਾ ਸਕਦਾ ਹੈ ਇਸ ਲਈ ਕੁਝ ਮੁੱਖ ਸੰਕੇਤਾਂ ਅਤੇ ਲੱਛਣਾਂ ਤੋਂ ਜਾਣੂ ਹੋਣਾ ਸਮਝਦਾਰੀ ਦੀ ਗੱਲ ਹੈ।**

ਗੰਭੀਰ ਸਿਰ ਦਰਦ

ਗਰਦਨ ਵਿੱਚ ਅਕੜਾਅ

ਉੱਚ ਤਾਪਮਾਨ

ਦੌਰੇ/ਫਿੱਟ

ਸੁਸਤ ਜਾਂ ਜਾਗਣ ਵਿੱਚ ਮੁਸ਼ਕਲ

ਉਲਝਣ ਅਤੇ/ਜਾਂ ਚਿੜਚਿੜਾਪਨ

ਠੰਡੇ ਹੱਥ ਅਤੇ ਪੈਰ




ਇਹਨਾਂ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਲੱਛਣ ਵਿਕਸਿਤ ਹੋ ਸਕਦੇ ਹਨ ਅਤੇ ਉਹ ਕਿਸੇ ਵੀ ਕ੍ਰਮ ਵਿੱਚ ਪ੍ਰਗਟ ਹੋ ਸਕਦੇ ਹਨ ਅਤੇ ਦੋ ਬਿਮਾਰੀਆਂ ਦੇ ਵਿਚਕਾਰ ਮਿਲੇ ਹੋਏ ਹੋ ਸਕਦੇ ਹਨ। ਜੇਕਰ ਤੁਹਾਨੂੰ ਜਾਂ ਕਿਸੇ ਦੋਸਤ ਨੂੰ ਚਿੰਤਾ ਦੇ ਲੱਛਣ ਹਨ ਜਾਂ ਅਜਿਹੀ ਸਥਿਤੀ ਹੈ ਜੋ ਤੇਜ਼ੀ ਨਾਲ ਵਿਗੜ ਰਹੀ ਹੈ, ਤਾਂ ਛੇਤੀ ਡਾਕਟਰੀ ਸਲਾਹ ਲੈਣੀ ਮਹੱਤਵਪੂਰਨ ਹੈ।

**ਭਾਵੇਂ ਤੁਹਾਨੂੰ ਟੀਕਾ ਲਗਾਇਆ ਗਿਆ ਹੋਵੇ ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦੇ ਸੰਕੇਤਾਂ ਅਤੇ ਲੱਛਣਾਂ ਨੂੰ ਜਾਣਨਾ ਮਹੱਤਵਪੂਰਨ ਹੈ ਕਿਉਂਕਿ ਇਹਨਾਂ ਸਥਿਤੀਆਂ ਦੇ ਕਈ ਹੋਰ ਕਾਰਨ ਹਨ।**

## ੰਕੇਤਾਂ ਅਤੇ ਲੱਛਣਾਂ ੁਚੇਤ ਰਹੋ




ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦੇ ਸੰਕੇਤਾਂ ਅਤੇ ਲੱਛਣਾਂ ਦਾ ਪੂਰਾ ਵੇਰਵਾ ਚਿੱਤਰਾਂ ਅਤੇ ਵੀਡੀਓਜ਼ ਸਮੇਤ **www.meningitis.org** ਅਤੇ **www.meningitisnow.org**

* ਜਿਵੇਂ ਕਿ ਪਿਛਲੇ ਪਾਸੇ ਦਿਖਾਇਆ ਗਿਆ ਹੈ 'ਗਲਾਸ ਨਾਲ ਜਾਂਚ ਕਰੋ'

## ਗਲਾਸ ਨਾਲ ਜਾਂਚ ਕਰੋ

ਸੈਪਟੀਸੀਮੀਆ ਵਾਲੇ ਕਿਸੇ ਵਿਅਕਤੀ ਨੂੰ ਬੁਖਾਰ ਦੇ ਨਾਲ ਕੁਝ ਚਟਾਕ ਜਾਂ ਵਿਆਪਕ ਧੱਫੜ ਹੋ ਸਕਦੇ ਹਨ। ਬਾਅਦ ਵਿੱਚ ਧੱਫੜ ਜਾਮਨੀ ਧੱਬਿਆਂ ਵਿੱਚ ਵਿਕਸਤ ਹੋ ਸਕਦੇ ਹਨ ਜੋ ਦਬਾਅ ਹੇਠ ਫਿੱਕੇ ਨਹੀਂ ਹੁੰਦੇ। ਤੁਸੀਂ ਧੱਫੜ ਦੇ ਉੱਪਰ ਪੀਣ ਵਾਲੇ ਗਲਾਸ ਦੇ ਪਾਸੇ ਨੂੰ ਦਬਾ ਕੇ ਇਸ ਲਈ ਇੱਕ ਜਾਂਚ ਕਰ ਸਕਦੇ ਹੋ। ਜੇਕਰ ਤੁਹਾਨੂੰ ਬੁਖਾਰ ਅਤੇ ਧੱਫੜ ਹੈ, ਅਤੇ ਧੱਫੜ ਦਬਾਅ ਹੇਠ ਫਿੱਕੇ ਨਹੀਂ ਹੁੰਦੇ ਹਨ, ਤਾਂ ਤੁਰੰਤ 999 'ਤੇ ਕਾਲ ਕਰਕੇ ਡਾਕਟਰੀ ਸਹਾਇਤਾ ਪ੍ਰਾਪਤ ਕਰੋ ਜਾਂ ਕਿਸੇ ਨੂੰ ਤੁਹਾਨੂੰ ਨਜ਼ਦੀਕੀ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਲੈ ਜਾਣ ਲਈ ਕਹੋ। ਕਦੇ ਧੱਫੜ ਦੀ ਉਡੀਕ ਨਾ ਕਰੋ। ਇਹ ਦੇਰ ਨਾਲ ਆਉਣ ਵਾਲਾ ਸੰਕੇਤ ਹੋ ਸਕਦਾ ਹੈ ਜਾਂ ਹੋ ਸਕਦਾ ਹੈ ਬਿਲਕੁਲ ਦਿਖਾਈ ਨਾ ਦੇਵੇ। ਜੇਕਰ ਕੋਈ ਬਿਮਾਰ ਹੈ ਅਤੇ ਹਾਲਤ ਵਿਗੜ ਰਹੀ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰੋ।

ਕਾਲੀ ਚਮੜੀ 'ਤੇ, ਪਲਕਾਂ ਦੇ ਅੰਦਰ ਜਾਂ ਤਾਲੂ ਦੀ ਜਾਂਚ ਕਰੋ ਜਿੱਥੇ ਚਟਾਕ ਜ਼ਿਆਦਾ ਦਿਖਾਈ ਦੇ ਸਕਦੇ ਹਨ।





## ਕੀ ਕੋਈ ਮਾੜੇ ਪ੍ਰਭਾਵ ਹਨ?

ਜਿੱਥੇ ਤੁਸੀਂ ਟੀਕਾ ਲਗਾਉਂਦੇ ਹੋ ਉੱਥੇ ਕੁਝ ਸੋਜ, ਲਾਲੀ ਜਾਂ ਕੋਮਲਤਾ ਹੋਣਾ ਆਮ ਗੱਲ ਹੈ। ਤੁਹਾਨੂੰ ਸਿਰ ਦਰਦ ਵੀ ਹੋ ਸਕਦਾ ਹੈ ਜਾਂ ਆਮ ਤੌਰ 'ਤੇ ਥੋੜ੍ਹਾ ਜਿਹਾ ਬਿਮਾਰ ਮਹਿਸੂਸ ਹੋ ਸਕਦਾ ਹੈ ਪਰ ਇਹ ਲੱਛਣ ਇੱਕ ਜਾਂ ਦੋ ਦਿਨਾਂ ਬਾਅਦ ਅਲੋਪ ਹੋ ਜਾਣੇ ਚਾਹੀਦੇ ਹਨ। ਜੇਕਰ ਤੁਸੀਂ ਕਿਸੇ ਲੱਛਣ ਬਾਰੇ ਚਿੰਤਤ ਹੋ ਤਾਂ NHS111 ਜਾਂ ਆਮ ਵਾਂਗ ਆਪਣੀ ਜੀਪੀ ਪ੍ਰੈਕਟਿਸ ਰਾਹੀਂ ਡਾਕਟਰੀ ਸਲਾਹ ਲਓ।



ਜੇਕਰ ਤੁਸੀਂ ਵੈਕਸੀਨ ਦੇ ਕਿਸੇ ਵੀ ਸ਼ੱਕੀ ਮਾੜੇ ਪ੍ਰਭਾਵਾਂ ਦਾ ਅਨੁਭਵ ਕਰਦੇ ਹੋ, ਤਾਂ ਤੁਸੀਂ ਯੈਲੋ ਕਾਰਡ ਦੀ ਵੈੱਬਸਾਈਟ 'ਤੇ 0800 731 6789 (ਸਵੇਰੇ 9 ਤੋਂ ਸ਼ਾਮ 5 ਵਜੇ, ਸੋਮਵਾਰ ਤੋਂ ਸ਼ੁੱਕਰਵਾਰ) 'ਤੇ ਕਾਲ ਕਰਕੇ ਜਾਂ ਯੈਲੋ ਕਾਰਡ ਐਪ ਨੂੰ ਡਾਊਨਲੋਡ ਕਰਕੇ ਸੂਚਨਾ ਦੇ ਸਕਦੇ ਹੋ।

---

**ਮੈਨਿਨਜਾਈਟਿਸ ਲਈ, ਹੇਠ ਲਿਖੀਆਂ ਚੈਰਿਟੀਆਂ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ:**

**ਮੈਨਿਨਜਾਈਟਿਸ ਰਿਸਰਚ ਫਾਊਂਡੇਸ਼ਨ**,
ਮੁਫ਼ਤ ਹੈਲਪਲਾਈਨ 080 8800 3344 –
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਮੈਨਿਨਜਾਈਟਿਸ ਨਾਓ**, ਮੁਫ਼ਤ ਹੈਲਪਲਾਈਨ
0808 80 10 388 – ਸੋਮਵਾਰ ਤੋਂ ਵੀਰਵਾਰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਅਤੇ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ

---

ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਆਪਣੇ ਡਾਕਟਰ, ਸਕੂਲ ਨਰਸ ਜਾਂ ਆਪਣੇ ਡਾਕਟਰ ਦੀ ਸਰਜਰੀ ਦੀ ਪ੍ਰੈਕਟਿਸ ਨਰਸ ਨਾਲ ਗੱਲ ਕਰੋ।

ਇਹ ਪਰਚਾ ਯੂਕੇ ਦੀ ਸਿਹਤ ਸੁਰੱਖਿਆ ਏਜੰਸੀ ਦੁਆਰਾ ਤਿਆਰ ਕੀਤਾ ਗਿਆ ਹੈ

© Crown copyright 2024
1P 100K AUG 2023 (APS). Product code: YPMACWY1PAN Panjabi.
UK Health Security Agency gateway number: 2024071.
ਪਰਚੇ ਨੂੰ ਇਸ ਤੋਂ ਆਡਰ ਕੀਤਾ ਜਾਂ ਡਾਊਨਲੋਡ ਕੀਤਾ ਜਾ ਸਕਦਾ ਹੈ: **www.healthpublications.gov.uk**, ਇੱਥੇ ਕਾਲ ਕਰਕੇ: 0300 123 1002 (ਲਾਈਨਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹੀਆਂ ਹਨ)। ਇਸ ਦੀਆਂ ਕਾਗਜ਼ੀ ਕਾਪੀਆਂ ਅੰਗਰੇਜ਼ੀ ਪਰਚੇ ਵਿੱਚ ਮੰਗਵਾਉਣ ਲਈ ਉਪਲਬਧ ਹਨ।